GOVERNMENT OF PUNJAB
DEPARTMENT OF PERSONNEL
(PERSONNEL POLICIES BRANCH-I)

INDEX

**01/07/2022 To 30/09/2022**



| ਲੜੀ ਨੰ | ਹਦਾਇਤਾਂ ਨੰ | ਮਿਤੀ | ਵਿਸ਼ਾ | ਪੇਜ਼ ਨੰ |
|---|---|---|---|---|
| 1 | 12/09/2022 -5PP2/228 | 07.07.2022 | **ਪੰਜਾਬ ਸਰਕਾਰ ਦੇ ਅਧੀਨ ਆਉਂਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਨੂੰ iHRMS ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਸੇਵਾਵਾਂ ਦੇ ਸਬੰਧ ਜਾਗਰੁਕ ਕਰਨ ਬਾਰੇ।** | 1-4 |
| 2 | 07/01/2014 -1PP2(3PP2) /230 | 07.07.2022 | ਸਰਕਾਰੀ ਅਧਿਕਾਰੀਆ/ਕਰਮਚਾਰੀਆਂ ਦੀਆ ਆਮ ਬਦਲੀਆਂ/ਤੈਨਾਤੀਆਂ ਕਰਨ ਸਬੰਧੀ ਹਦਾਇਤਾ ਅਤੇ ਸਮਾਂ ਸੀਮਾ ਵਧਾਉਣ ਸਬੰਧੀ। | 5-6 |
| 3 | PERS-PP-1015/6/2021-2PP1/392659 | 13/07/2022 | ਗਰੁੱਪ ਏ, ਬੀ, ਸੀ ਅਤੇ ਡੀ ਦੇ ਅਧਿਕਾਰੀਆ/ਕਰਮਚਾਰੀਆਂ ਦੀ ਸਾਲ 2021-22 ਦੀਆ APARs ਲਿਖਣ ਸਬੰਧੀ। | 7-8 |
| 4 | PERS-PP-1015/5/2022-2PP1/395455 | 20/07/2022 | ਗਰੁੱਪ ਏ, ਬੀ, ਸੀ ਅਤੇ ਡੀ ਦੇ ਅਧਿਕਾਰੀਆ / ਕਰਮਚਾਰੀਆਂ ਦੀਆਂ APARs ਰਿਪੋਰਟਕਰਤਾ/ ਰਿਵਿਊਕਰਤਾ /ਪ੍ਰਵਾਨਕਰਤਾ ਅਥਾਰਟੀ ਵੱਲੋਂ ਸਮੇ ਸਿਰ ਲਿਖਣ ਸਬੰਧੀ। | 9-10 |
| 5 | PERS-PP-1015/6/2021-2PP1/445 | 29/07/2022 | ਗਰੁੱਪ ਏ, ਬੀ, ਸੀ ਅਤੇ ਡੀ ਦੇ ਅਧਿਕਾਰੀਆ / ਕਰਮਚਾਰੀਆਂ ਦੀਆਂ APARs ਲਿਖਣ ਦੀ ਸਮੇ ਸਾਰਣੀ ਵਿੱਚ ਵਾਧਾ ਕਰਨ ਸਬੰਧੀ ਹਦਾਇਤਾ ਕਰਨ ਬਾਰੇ(ਕੇਵਲ ਰਾਜ ਦੇ ਸਮੂਹ ਵਿਭਾਗਾ ਲਈ)। | 11-12 |
| 6 | 12/21/2022-3PP2/322 | 29.08.2022 | ਸਰਕਾਰੀ ਅਧਿਕਾਰੀਆ/ਕਰਮਚਾਰੀਆਂ ਵੱਲੋਂ ਲਈ ਜਾਣ ਵਾਲੀ ਐਕਸ-ਇੰਡੀਆ ਲੀਵ(ਵਿਦੇਸ਼ੀ ਛੁੱਟੀ) ਸਬੰਧੀ ਪਾਲਿਸੀ ਗਾਈਡਲਾਈਨਜ਼। | 13-15 |
| 7 | 12/23/2022 -3PP2/324 | 30.08.2022 | ਸਰਕਾਰੀ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਵਿਦੇਸ਼ ਵਿੱਚ ਪੱਕੇ ਹੋਣ ਅਤੇ ਬਿਨ੍ਹਾਂ ਛੁੱਟੀ ਲਏ ਵਿਦੇਸ਼ ਜਾਕੇ ਰਹਿਣ ਸਬੰਧੀ। | 16-18 |
| 8 | PERS-PP-1015/6/2021-2PP1/493 | 30/08/2022 | ਗਰੁੱਪ ਏ, ਬੀ, ਸੀ ਅਤੇ ਡੀ ਦੇ ਅਧਿਕਾਰੀਆ/ਕਰਮਚਾਰੀਆਂ ਦੀ ਸਾਲ 2021-22 ਦੀਆ APARs ਲਿਖਣ ਸਬੰਧੀ। | 19-20 |
| 9 | PERS-PP-1015/6/2021-2PP1/498 | 31/08/2022 | ਗਰੁੱਪ ਏ, ਬੀ, ਸੀ ਅਤੇ ਡੀ ਦੇ ਅਧਿਕਾਰੀਆ/ਕਰਮਚਾਰੀਆਂ ਦੀ APARs ਲਿਖਣ ਦੀ ਸਮੇਂ ਸਾਰਣੀ ਵਿੱਚ ਵਾਧਾ ਕਰਨ ਸਬੰਧੀ ਹਦਾਇਤਾ ਕਰਨ ਬਾਰੇ। | 21-22 |
| 10 | 03/02/2020-2PP2/333 | 06.09.2022 | Action to be taken against Government employees convicted on a criminal charge and eligibility of under trial/convicted persons for appointment in the government. | 23-26 |

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ.ਪੀ.-2 ਸ਼ਾਖਾ)

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜ਼ਨਾਂ ਦੇ ਕਮਿਸ਼ਨਰਜ਼, ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਅਤੇ
ਸਮੂਹ ਸਬ ਡਵੀਜ਼ਨਲ ਮੈਜਿਸਟਰੇਟ।

ਮੀਮੋ ਨੰਬਰ 12/09/2022-5ਪੀ.ਪੀ.2/ 228
ਮਿਤੀ,ਚੰਡੀਗੜ੍ਹ 07/07/22

ਵਿਸ਼ਾ:- ਪੰਜਾਬ ਸਰਕਾਰ ਅਧੀਨ ਆਉਂਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਨੂੰ iHRMS ਰਾਹੀਂ ਮੁਹੱਈਆ ਕਰਵਾਈਆਂ ਜਾਂਦੀਆਂ ਸੇਵਾਵਾਂ ਸਬੰਧੀ ਜਾਗਰੂਕ ਕਰਨ ਬਾਰੇ।

ਸ੍ਰੀਮਤੀ/ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਦੱਸਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੇ ਦਫਤਰਾਂ ਵਿੱਚ ਲਾਗੂ iHRMS ਪੋਰਟਲ ਤੇ ਕਾਫੀ ਸੁਵਿਧਾਵਾਂ ਉਪਲਬਧ ਹਨ, ਪ੍ਰੰਤੂ ਕਈ ਅਧਿਕਾਰੀਆਂ/ਕਰਮਚਾਰੀਆਂ ਨੂੰ ਇਸ ਸਬੰਧੀ ਜਾਣਕਾਰੀ ਨਹੀਂ ਹੈ। ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਖਾਸ ਕਰਕੇ ਖੇਤਰੀ ਦਫਤਰਾਂ ਦੇ ਅਧਿਕਾਰੀਆਂ/ਕਰਮਚਾਰੀਆਂ ਜਾਂ ਦਰਜਾ – 4 ਦੇ ਕਰਮਚਾਰੀ ਵੱਲੋਂ iHRMS Portal ਵੱਲੋਂ ਦਿੱਤੀਆਂ ਜਾਣ ਵਾਲੀਆਂ ਸੁਵਿਧਾਵਾਂ/ਸੇਵਾਵਾਂ ਦਾ ਪੂਰੀ ਤਰ੍ਹਾਂ ਲਾਭ ਨਹੀਂ ਉਠਾਇਆ ਜਾ ਰਿਹਾ। ਇਸ ਪੱਤਰ ਰਾਹੀਂ ਜਾਣਕਾਰੀ ਸਾਂਝੀ ਕਰਨ ਦਾ ਮੰਤਵ ਹੈ ਕਿ ਅਧਿਕਾਰੀਆਂ/ਕਰਮਚਾਰੀਆਂ ਦੁਆਰਾ iHRMS Portal ਦੀ ਪੂਰੀ ਵਰਤੋਂ ਕਰਕੇ ਉਪਲਬਧ ਸੁਵਿਧਾਵਾਂ ਦਾ ਲਾਭ ਉਠਾਇਆ ਜਾਵੇ।

3. ਪੰਜਾਬ ਸਰਕਾਰ ਦੇ ਅਧੀਨ ਆਉਂਦੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ:-

a. iHRMS Portal ਦੀ Pay Roll Services ਰਾਹੀਂ Pay Slip, Annual salary statement, GPF Reports, GPF Subscription Change Request, GIS and NPS ledger, Declare 80 C savings etc. ਆਦਿ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

b. Leave Services ਦੀ ਵਰਤੋਂ apply leave, station leave application, LTC application leave availed date wise, view leave ledger etc ਲਈ ਵੀ ਕੀਤੀ ਜਾ ਸਕਦੀ ਹੈ।

c. iHRMS Portal ਰਾਹੀਂ Annual Confidential Report ਅਧਿਕਾਰੀ/ਕਰਮਚਾਰੀ ਵੱਲੋਂ Online ਭਰੀ ਜਾ ਸਕਦੀ ਹੈ ਅਤੇ ਸਮੱਰਥ ਅਥਾਰਟੀ ਵੱਲੋਂ ਮੰਜ਼ੂਰ ਹੋਣ ਉਪਰੰਤ Online Portal ਤੇ ਵਾਚੀ ਵੀ ਜਾ ਸਕਦੀ ਹੈ।

d. ਇਸ ਤੋਂ ਇਲਾਵਾ Employee Dashboard, My Profile, Bank A/c updation, Pension Services, COVID – 19 Training Entry, COVID – 19 Vaccination Details, Pay Fixation (6th pay Commission), Submit Query with Technical Support, Update Official email-id, Mobile attendance exemption- subordinates and Mobile attendance report/verfication etc. ਸਬੰਧੀ ਵੀ ਸੂਚਨਾ ਇਸ Portal ਤੇ ਉਪਲੱਬਧ ਹੈ।

4. ਕਿਸੇ ਵੀ ਪ੍ਰਕਾਰ ਦੇ search engine ਤੇ ਜਾ ਕੇ web address (https://hrms.punjab.gov.in/) ਰਾਹੀਂ HRMS ਦੇ ਮੁੱਖ ਪੰਨਾ/Home Page ਤੇ ਪਹੁੰਚਿਆ ਜਾ ਸਕਦਾ ਹੈ, ਜਿਸ ਦੇ ਬਾਅਦ Menu (≡) Button ਦੀ ਵਰਤੋਂ ਕਰਕੇ Login ਕੀਤਾ ਜਾ ਸਕਦਾ ਹੈ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਦੇ ਹਰੇਕ ਅਧਿਕਾਰੀ/ਕਰਮਚਾਰੀ ਨੂੰ ਵਿਅਕਤੀਗਤ ਤੌਰ ਤੇ Login ID ਜਾਰੀ ਕੀਤੀ ਗਈ ਹੈ, ਇਸ ਲਈ ਜਾਰੀ ਕੀਤੀ ਗਈ Login ID ਅਤੇ ਨਿੱਜੀ ਤੌਰ ਤੇ Create ਕੀਤੇ Password ਦੀ ਵਰਤੋਂ ਕਰਕੇ Login ਕੀਤਾ ਜਾ ਸਕਦਾ ਹੈ।

5. ਇਸ ਤੋਂ ਇਲਾਵਾ Play Store App ਤੇ iHRMS Punjab ਦੀ ਐਪਲੀਕੇਸ਼ਨ ਉਪਲਬਧ ਹੈ।

6. iHRMS ਦੀ ਵਰਤੋਂ ਸਬੰਧੀ User Manual ਨਾਲ ਨੱਥੀ ਹੈ ਇਸ ਤੋਂ ਇਲਾਵਾ ਵਧੇਰੇ ਜਾਣਕਾਰੀ ਲਈ Youtube Videos ਨੂੰ (https://youtube.com/channel/UCbHhp0nnXsccF-YvHoyGHag) ਤੇ ਵੇਖਿਆ ਜਾ ਸਕਦਾ ਹੈ।

7. ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾ ਰਿਹਾ ਹੈ।

ਸੁਰਜੀਤ ਸਿੰਘ 7/7/22
ਅਧੀਨ ਸਕੱਤਰ ਪ੍ਰਸੋਨਲ


ਇਸ ਦਾ ਇੱਕ ਉਤਾਰਾ ਸਮੂਹ ਵਿਸ਼ੇਸ਼/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਰਜੀਤ ਸਿੰਘ 7/7/22
ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ,

ਸਮੂਹ ਵਿਸ਼ੇਸ਼/ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰਜ਼,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ:ਨੰ:12/09/2022-5ਪੀ.ਪੀ.2/ 229 ਮਿਤੀ,ਚੰਡੀਗੜ੍ਹ: 07/07/22


My services
Pay roll services
Leave services
Employee dashboard
ACR services
My profile
Property Return services
Bank A/C updation
Pension services
COVID-19 training entry
COVID-19 vaccination details
Pay fixation (6th pay commission)
Submit query with technical support
Update official eMAIL-ID
Mobile attendance exemption- subordinates
Mobile attendance report/ verification

ਉਕਤ ਸੇਵਾਵਾਂ/ ਸੁਵਿਧਾਵਾਂ ਦੀ sub category ਹੇਠ ਅਨੁਸਾਰ ਹੈ-

**1. Pay Roll Services**
- Pay slip
- Annual salary statement
- GPF reports
- GPF subscription change request
- GIS Ledger
- NPS ledger
- IT calculation sheet (tentative)
- Declare 80C savings
- Income tax change report
- Loan status

**2. Leave Services**
- Map reporting officer
- Apply leave
- Station leave application
- Submit leave joining
- Leave conversion application
- Approved leave report
- Print leave order
- View leave ledger
- Leaves availed date wise
- LTC application
- Process received station leaves
- Process received leave applications
- Yearly calendar

**3. ACR Services**
- Fill ACR/ APAR
- Submit ACR grievances
- View finalised ACRs grading
- Assess subordinate ACRs

**4. Property return services**
- Fill self property return
- Verify property returns received

**5. Pension services**
- Apply for pension & view status
- My ePPO

**6. Pay fixation (6th Pay Commission)**
- Pay fixation 6th pay commission
- Print undertaking

07/01/2014-1PP2(3PP2)/230

ਮਿਤੀ, ਚੰਡੀਗੜ੍ਹ 07.07.22

**ਪੰਜਾਬ ਸਰਕਾਰ**

**ਪ੍ਰਸੋਨਲ ਵਿਭਾਗ**

**ਪ੍ਰਸੋਨਲ ਪਾਲਿਸੀ-2 ਸ਼ਾਖਾ**

ਸੇਵਾ ਵਿਖੇ

1. ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰਜ, ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ ਅਤੇ
ਉਪ ਮੰਡਲ ਅਫਸਰ (ਸਿਵਲ), ਪੰਜਾਬ।
2. ਰਾਜ ਦੇ ਸਮੂਹ ਬੋਰਡ/ ਕਾਰਪੋਰੇਸ਼ਨਾਂ ਦੇ ਚੇਅਰਮੈਨ/ ਮੈਨੇਜਿੰਗ ਡਾਇਰੈਕਟਰ।

ਵਿਸ਼ਾ- ਸਰਕਾਰੀ ਅਧਿਕਾਰੀਆਂ/ ਕਰਮਚਾਰੀਆਂ ਦੀਆਂ ਆਮ ਬਦਲੀਆਂ/ ਤੈਨਾਤੀਆਂ ਕਰਨ ਸਬੰਧੀ ਹਦਾਇਤਾਂ ਅਤੇ ਸਮਾਂ-ਸੀਮਾ ਵਧਾਉਣ ਸਬੰਧੀ।

*******

ਸ਼੍ਰੀਮਾਨ ਜੀ/ ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਪੱਤਰ ਨੰ 7/1/2014-1ਪੀਪੀ2(3ਪੀਪੀ2)/123, ਮਿਤੀ 09.04.2022 ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਉਪਰੋਕਤ ਹਦਾਇਤਾਂ ਰਾਹੀਂ ਪੰਜਾਬ ਰਾਜ ਦੇ ਵਿਭਾਗਾਂ/ ਅਦਾਰਿਆਂ ਵਿੱਚ ਸਰਕਾਰੀ ਅਧਿਕਾਰੀਆਂ/ ਕਰਮਚਾਰੀਆਂ ਦੀਆਂ ਆਮ ਬਦਲੀਆਂ ਅਤੇ ਤੈਨਾਤੀਆਂ ਕਰਨ ਦਾ ਸਮਾਂ **ਮਿਤੀ 11.04.2022 ਤੋਂ ਮਿਤੀ 31.05.2022 ਤੱਕ** ਰੱਖਿਆ ਗਿਆ ਸੀ, ਜੋ ਕਿ ਪੱਤਰ ਨੰ 07/01/2014-1PP2(3PP2)/178, ਮਿਤੀ 01.06.2022 ਰਾਹੀਂ **ਮਿਤੀ 30.06.2022** ਤੱਕ ਕਰ ਦਿੱਤੀ ਗਈ ਸੀ। ਇਸ ਉਪਰੰਤ ਪੱਤਰ ਨੰ 07/01.2014-1PP2(3PP2)/219, ਮਿਤੀ 29.06.2022 ਰਾਹੀਂ ਆਮ ਬਦਲੀਆਂ ਤੈਨਾਤੀਆਂ ਕਰਨ ਲਈ ਮਿਤੀ **07.07.2022** ਤੱਕ ਹੋਰ ਵਾਧਾ ਕੀਤਾ ਗਿਆ ਸੀ। ਹੁਣ ਇਸ ਸਮਾਂ-ਸੀਮਾ ਵਿੱਚ ਮਿਤੀ 15.07.2022 ਤੱਕ ਹੋਰ ਵਾਧਾ ਕੀਤਾ ਜਾਂਦਾ ਹੈ।

02. **ਮਿਤੀ 15.07.2022 ਤੋਂ ਬਾਅਦ** ਆਮ ਬਦਲੀਆਂ ਤੇ ਸੰਪੂਰਨ ਰੋਕ ਹੋਵੇਗੀ ਅਤੇ ਸਿਰਫ਼ ਤਰੱਕੀ ਜਾਂ ਸ਼ਿਕਾਇਤ ਦੇ ਮੱਦੇਨਜ਼ਰ ਹੀ ਬਦਲੀ ਸੰਭਵ ਹੋਵੇਗੀ। ਨਿੱਜੀ ਕਾਰਣਾਂ ਕਰਕੇ ਬਦਲੀ ਮਾਨਯੋਗ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਹੀ ਕੀਤੀ ਜਾ ਸਕੇਗੀ।

03. ਇਹ ਪੱਤਰ ਮਾਨਯੋਗ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਵਿਸ਼ਵਾਸਪਾਤਰ

ਉਪ ਸਕੱਤਰ, ਪ੍ਰਸੋਨਲ

ਇਸ ਦਾ ਇੱਕ ਉਤਾਰਾ ਵਧੀਕ ਮੁੱਖ ਸਕੱਤਰ/ ਮੁੱਖ ਮੰਤਰੀ, ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰਜ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਵਧੀਕ ਮੁੱਖ ਸਕੱਤਰ/ ਮੁੱਖ ਮੰਤਰੀ, ਪੰਜਾਬ,
ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ
ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ
ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ. 07/01/2014-1PP2(3PP2)/ 231 ਮਿਤੀ, ਚੰਡੀਗੜ੍ਹ 07.07.22

ਇਸ ਦਾ ਇੱਕ ਉਤਾਰਾ ਸਮੂਹ ਮੰਤਰੀ ਸਾਹਿਬਾਨ ਦੇ ਵਿਸ਼ੇਸ਼ ਸਕੱਤਰ/ ਸਕੱਤਰ/ ਨਿੱਜੀ ਸਕੱਤਰ ਨੂੰ ਮੰਤਰੀ ਸਾਹਿਬਾਨ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਸਮੂਹ ਮੰਤਰੀ ਸਾਹਿਬਾਨ ਦੇ ਵਿਸ਼ੇਸ਼ ਸਕੱਤਰ/ ਸਕੱਤਰ/ ਨਿੱਜੀ ਸਕੱਤਰ

ਅੰ.ਵਿ.ਪੱ.ਨੰ. 07/01/2014-1PP2(3PP2)/ 232 ਮਿਤੀ, ਚੰਡੀਗੜ੍ਹ 07.07.22
ਪਿੱਠ ਅੰਕਣ ਨੰ. 07/01/2014-1PP2(3PP2)/ 233 ਮਿਤੀ, ਚੰਡੀਗੜ੍ਹ 07.07.22

ਇਸ ਦਾ ਇੱਕ ਉਤਾਰਾ ਡਾਇਰੈਕਟਰ, ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੂੰ ਅਖਬਾਰਾਂ ਵਿੱਚ ਪ੍ਰਕਾਸ਼ਿਤ ਕਰਨ ਅਤੇ ਨਾਲ ਹੀ ਦੂਰਦਰਸ਼ਨ/ ਰੇਡੀਓ ਰਾਹੀਂ ਪ੍ਰਸਾਰਿਤ ਕੀਤਾ ਜਾਵੇ।

ਉਪ ਸਕੱਤਰ, ਪ੍ਰਸੋਨਲ

CC ਸਕੱਤਰ/ ਮੁੱਖ ਸਕੱਤਰ, ਪੰਜਾਬ

7.

**File No:PERS-PP-1015/6/2021-2PP1/398659**

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਮਿਤੀ, ਚੰਡੀਗੜ੍ਹ: 13/07/2022

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰਜ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਡਿਪਟੀ ਕਮਿਸ਼ਨਰ ਅਤੇ ਉਪ ਡਵੀਜ਼ਨਲ ਮੈਜਿਸਟ੍ਰੇਟ,ਪੰਜਾਬ।

ਵਿਸ਼ਾ:- ਗਰੁੱਪ ਏ, ਬੀ, ਸੀ ਅਤੇ ਡੀ ਦੇ ਅਧਿਕਾਰੀਆ/ਕਰਮਚਾਰੀਆ ਦੀ ਸਾਲ 2021-22 ਦੀਆ APARs ਲਿਖਣ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ. PERS- PP-1015 /6/2021-2PP1/391, ਮਿਤੀ 30.06.2022 ਅਤੇ PERS- PP-1015/6/2021-2PP1 /1/358 223/ 2022 ਮਿਤੀ 11.05.2022 ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਆਪ ਅਧੀਨ ਸੇਵਾ ਨਿਭਾ ਰਹੇ ਅਧਿਕਾਰੀਆ/ਕਰਮਚਾਰੀਆਂ ਦੀਆਂ ਬਤੌਰ ਰਿਪਰੋਟ ਕਰਤਾ ਅਧਿਕਾਰੀ ਸਾਲ 2021-22 ਦੀਆ ਸਲਾਨਾ ਕਾਰਗੁਜਾਰੀ ਰਿਪੋਰਟਾਂ ਲਿਖਣ ਲਈ ਅੰਤਿਮ ਮਿਤੀ 15.07.2022 ਨਿਰਧਾਰਿਤ ਹੈ। ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਤੌਰ ਰਿਪੋਰਟ ਕਰਤਾ ਅਧਿਕਾਰੀ ਸਲਾਨਾ ਕਾਰਗੁਜਾਰੀ ਰਿਪੋਰਟਾਂ ਸਮੇ ਸਾਰਨੀ ਅਨੁਸਾਰ ਨਿਰਧਾਰਿਤ ਮਿਤੀ 15.07.2022 ਤੋ ਪਹਿਲਾ ਸਬਮਿਟ ਕਰਨਾ ਯਕੀਨੀ ਬਣਾਉਣ।

2 ਇਸ ਸਬੰਧ ਵਿੱਚ ਸਬੰਧਤ ਅਧਿਕਾਰੀ/ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੀ ਸਬੰਧਤ ਰਿਪੋਰਟ ਕਰਤਾ ਅਧਿਕਾਰੀ ਨਾਲ ਰਾਬਤਾ ਕਾਇਮ ਕਰਦੇ ਹੋਏ ਨਿਰਧਾਰਿਤ ਸਮੇਂ ਸੀਮਾ ਤੱਕ ਆਪਣੀਆਂ ਸਲਾਨਾ ਅਪ੍ਰੈਜਲ ਰਿਪਰਟ ਲਿਖਵਾਉਣੀ ਯਕੀਨੀ ਬਣਾਈ ਜਾਵੇ।

3 ਇਹਨਾਂ ਹਦਾਇਤਾ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਵਿਸ਼ਵਾਸਪਾਤਰ

ਅਧੀਨ ਸਕੱਤਰ

ਉਤਾਰਾ ਸਮੂਹ ਵਿਸ਼ੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਪ੍ਰਮੁੱਖ ਸਕੱਤਰ/ਵਿੱਤੀ ਕਮਿਸ਼ਨਰਜ, ਪ੍ਰਬੰਧਕੀ ਸਕੱਤਰਾਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਿਸ਼ਵਾਸਪਾਤਰ

ਅਧੀਨ ਸਕੱਤਰ

ਸੇਵਾ ਵਿਖੇ

ਵਿਸ਼ੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ,

ਪ੍ਰਮੁੱਖ ਸਕੱਤਰ/ਵਿੱਤੀ ਕਮਿਸ਼ਨਰਜ, ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਮਿਤੀ,ਚੰਡੀਗੜ੍ਹ; 13/07/2022

File No:PERS-PP-1015/6/2021-2PP1/392659

File No. PERS-PP-1015/5/2022-2PP1

I/395455/2022

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ-1 ਸਾਖਾ)

ਮਿਤੀ,ਚੰਡੀਗੜ੍ਹ 20/07/2022

ਸੇਵਾ ਵਿੱਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰ,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਿਪਟੀ ਕਮਿਸ਼ਨਰਜ਼ ਅਤੇ ਉਪ ਡਵੀਜ਼ਨਲ ਮੈਜਿਸਟ੍ਰੇਟ, ਪੰਜਾਬ।

ਵਿਸ਼ਾ:- **ਗਰੁੱਪ ਏ., ਬੀ., ਸੀ. ਅਤੇ ਡੀ ਦੇ ਅਧਿਕਾਰੀਆਂ/ਕਰਮਚਾਰੀਆਂ ਦੀਆਂ ਏ. ਪੀ. ਏ. ਆਰ ਰਿਪੋਰਟਕਰਤਾ/ ਰਿਵਿਊਕਰਤਾ/ਪ੍ਰਵਾਨਕਰਤਾ ਅਥਾਰਟੀ ਵੱਲੋ ਸਮੇ ਸਿਰ ਲਿਖਣ ਸਬੰਧੀ।**

***

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪਦਾ ਧਿਆਨ ਇਸ ਵਿਭਾਗ ਦੀਆ ਹਦਾਇਤਾਂ ਨੰ. 15/23/92-1ਪੀ ਪੀ 1/ 9158 ਮਿਤੀ 28.05.1993, ਨੰ. 15/27/08-1ਪੀਪੀ1/620 ਮਿਤੀ 15/9/2010 ਵੱਲ ਦਿਵਾਉਂਦੇ ਹੋਏ, ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਵੇਖਣ ਵਿੱਚ ਆਇਆ ਹੈ ਕਿ ਇਨ੍ਹਾਂ ਹਦਾਇਤਾ ਦੀ ਗੰਭੀਰਤਾ ਨਾਲ ਪਾਲਣਾ ਨਹੀਂ ਹੋ ਰਹੀ ਅਤੇ ਅਜੇ ਵੀ ਕਈ ਰਿਪੋਰਟਕਰਤਾ/ਰਿਵਿਊਕਰਤਾ ਅਤੇ ਪ੍ਰਵਾਨਕਰਤਾ ਅਥਾਰਟੀਆਂ ਵੱਲੋਂ ਆਪਣੇ ਅਧੀਨ ਕੰਮ ਕਰਦੇ ਅਧਿਕਾਰੀਆ/ਕਰਮਚਾਰੀਆਂ ਦੀ ਏ.ਪੀ.ਏ.ਆਰ ਸਮੇ ਸਾਰਨੀ ਅਨੁਸਾਰ ਨਹੀਂ ਭਰੀ ਜਾਂਦੀ। ਇਸ ਕਾਰਨ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੇ ਤਰੱਕੀ/ਏ.ਸੀ.ਪੀ. ਅਤੇ ਹੋਰ ਕਈ ਸੇਵਾ ਮਾਮਲਿਆਂ ਵਿੱਚ ਬੇਲੋੜੀ ਦੇਰੀ ਹੁੰਦੀ ਹੈ ਅਤੇ ਸਰਕਾਰ ਨੂੰ ਲਿਟੀਗੇਸਨ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ ਜਿਸਦਾ ਕਿ ਸਰਕਾਰ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ।

2 ਉਪਰੋਕਤ ਦੇ ਸਨਮੁੱਖ ਪੰਜਾਬ ਰਾਜ ਦੇ ਸਮੂਹ ਰਿਪੋਰਟਕਰਤਾ/ਰਿਵਿਊਕਰਤਾ ਅਤੇ ਪ੍ਰਵਾਨਕਰਤਾ ਅਧਿਕਾਰੀਆਂ ਨੂੰ ਸੁਚੇਤ ਕੀਤਾ ਜਾਦਾ ਹੈ ਕਿ ਉਹ ਆਪਣੇ ਅਧੀਨ ਆਉਂਦੇ ਅਮਲੇ ਦੀਆਂ APARs ਨਿਰਧਾਰਤ ਸਮਾਂ ਸਾਰਣੀ ਅਨੁਸਾਰ ਦਰਜ ਕਰਨੀਆਂ ਯਕੀਨੀ ਬਣਾਉਣ। ਜੇਕਰ ਸਬੰਧਤ ਅਧਿਕਾਰੀਆਂ ਵੱਲੋਂ ਆਪਣੇ ਅਧੀਨ ਆਉਂਦੇ ਅਮਲੇ ਦੀ APARs ਸਮੇਂ ਸਾਰਣੀ ਅਨੁਸਾਰ ਨਹੀਂ ਭਰੀ ਜਾਦੀ ਤਾਂ ਉਹ ਆਪਣੇ ਆਪ ਨੂੰ ਅਨੁਸ਼ਾਸਨੀ ਕਾਰਵਾਈ ਦਾ ਭਾਗੀ ਬਣਾਉਣਗੇ।

File No. PERS-PP-1015/5/2022-2PP1

I/395455/2022

3 ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨਾ ਯਕੀਨੀ ਬਣਾਈਆ ਜਾਵੇ।

ਅਧੀਨ ਸਕੱਤਰ

ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਜ਼/ਪ੍ਰਬੰਧਕੀ ਸਕੱਤਰਾਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ

ਸੇਵਾ ਵਿਖੇ

ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/
ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

(11)

PERS-PP-1015/6/2021-2PP1/445

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-1ਸ਼ਾਖਾ)

ਮਿਤੀ, ਚੰਡੀਗੜ੍ਹ: 29/07/2022

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,

ਡਵੀਜਨਾਂ ਦੇ ਕਮਿਸ਼ਨਰ,

ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,

ਸਮੂਹ ਡਿਪਟੀ ਕਮਿਸ਼ਨਰ ਅਤੇ ਉਪ ਡਵੀਜ਼ਨਲ ਮੈਜਿਸਟ੍ਰੇਟ,ਪੰਜਾਬ।

ਵਿਸ਼ਾ:- ਗਰੁੱਪ ਏ, ਬੀ, ਸੀ ਅਤੇ ਡੀ ਦੇ ਅਧਿਕਾਰੀਆ/ਕਰਮਚਾਰੀਆ ਦੀ APARs ਲਿਖਣ ਦੀ ਸਮੇ ਸਾਰਣੀ ਵਿੱਚ ਵਾਧਾ ਕਰਨ ਸਬੰਧੀ ਹਦਾਇਤਾ ਕਰਨ ਬਾਰੇ।

(ਕੇਵਲ ਰਾਜ ਦੇ ਸਮੂਹ ਵਿਭਾਗਾਂ ਲਈ)

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ PERS-PP-1015/6/2021-2PP1/1/358223/2022 ਮਿਤੀ 11.5.2022 ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਇਨ੍ਹਾਂ ਹਦਾਇਤਾ ਰਾਹੀ ਸਾਰੇ ਪੱਧਰਾ ਤੇ ਏ.ਪੀ.ਏ.ਆਰ. ਲਿਖਣ ਲਈ time schedule ਨਿਸ਼ਚਿਤ ਕੀਤਾ ਗਿਆ ਸੀ। ਵੱਖੋ-ਵੱਖਰੇ ਵਿਭਾਗਾ ਤੋ ਪ੍ਰਾਪਤ ਪ੍ਰਤੀਬੇਨਤੀਆ ਵਿੱਚ ਮੰਗ ਕੀਤੀ ਜਾ ਰਹੀ ਹੈ ਕਿ ਏ.ਪੀ.ਏ.ਆਰਜ ਲਿਖਣ ਦੀ ਆਖਰੀ ਮਿਤੀ ਵਿੱਚ ਵਾਧਾ ਕੀਤਾ ਜਾਵੇ। ਇਸ ਤੋ ਇਲਾਵਾ ਏ.ਪੀ.ਏ.ਆਰਜ ਲਿਖਣ ਦੀ ਆਖਰੀ ਮਿਤੀ ਦੌਰਾਨ ਪੋਰਟਲ ਤੇ ਲੋਡ ਜਿਆਦਾ ਹੋਣ ਕਾਰਨ ਏ.ਪੀ.ਏ.ਆਰਜ ਲਿਖਣ ਵਿੱਚ ਤਕਨੀਕੀ ਦਿਕਤਾ ਆ ਰਹੀਆ ਹਨ।

2. ਉਪਰੋਕਤ ਸਥਿਤੀ ਨੂੰ ਵਿਚਾਰਦੇ ਹੋਏ ਏ.ਪੀ.ਏ.ਆਰਜ ਲਿਖਣ ਦੇ ਸਮੇਂ ਵਿੱਚ ਹੇਠ ਅਨੁਸਾਰ ਵਾਧਾ ਕੀਤਾ ਜਾਦਾ ਹੈ:-

| ਲੜ੍ਹੀ ਨੰ. | ਏ.ਪੀ.ਏ.ਆਰ ਲਿਖਣ ਦਾ ਪੱਧਰ | ਏ.ਪੀ.ਏ.ਆਰ ਲਿਖਣ ਦੀ ਮੌਜੂਦਾ ਸਾਰਣੀ (ਸਾਲ 2021-2022) | ਸੋਧੀ ਹੋਈ ਮਿਤੀ (ਸਾਲ 2021-2022) |
|---|---|---|---|
| 1 | ਕਾਡਰ ਕੰਟਰੋਲਿੰਗ ਅਥਾਰਿਟੀ ਵੱਲੋਂ ਪ੍ਰੋਫਾਰਮਾ ਅਪਲੋਡ /ਏ.ਪੀ.ਏ. ਆਰ initiate ਕਰਨ ਦੀ ਮਿਤੀ | 20 ਮਈ ਤੱਕ | ਕੋਈ ਬਦਲਾਵ ਨਹੀਂ |
| 2 | ਸਬੰਧ ਅਧਿਕਾਰੀ/ਕਰਮਚਾਰੀ ਵੱਲੋਂ ਏ.ਪੀ.ਆਰ ਭਰਨ ਦੀ ਮਿਤੀ | 30 ਮਈ ਤੱਕ | ਕੋਈ ਬਦਲਾਵ ਨਹੀਂ |
| 3 | ਰਿਪੋਰਟ ਕਰਤਾ ਅਧਿਕਾਰੀ ਵੱਲੋਂ ਟਿਪਣੀ ਦਰਜ | 15 ਜੁਲਾਈ ਤੱਕ | 15 ਅਗਸਤ ਤੱਕ |

| | | | |
|---|---|---|---|
| | ਕਰਨ ਦੀ ਮਿਤੀ | | |
| 4 | ਰੀਵਿਊਕਰਤਾ ਅਧਿਕਾਰੀ ਵੱਲੋਂ ਟਿਪਣੀ ਦਰਜ ਕਰਨ ਦੀ ਮਿਤੀ | 15 ਅਗਸਤ ਤੱਕ | 31 ਅਗਸਤ ਤੱਕ |
| 5 | ਪ੍ਰਵਾਨਕਰਤਾ ਅਧਿਕਾਰੀ ਵੱਲੋਂ ਰਿਪੋਰਟ ਪ੍ਰਵਾਨ ਕਰਨ ਦੀ ਮਿਤੀ | 30 ਸਤੰਬਰ ਤੱਕ | ਕੋਈ ਬਦਲਾਵ ਨਹੀਂ |

3. ਇਹ ਹਦਾਇਤਾ ਪੀ.ਸੀ.ਐਸ. ਕਾਡਰ ਅਤੇ ਆਮ ਰਾਜ ਪ੍ਰਬੰਧ ਵਿਭਾਗ (ਸਕੱਤਰੇਤ ਪ੍ਰਸ਼ਾਸਨ) ਤੇ ਲਾਗੂ ਨਹੀ ਹੋਣਗੀਆ।

4. ਇਹਨਾ ਹਦਾਇਤਾ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਵਿਸ਼ਵਾਸਪਾਤਰ

ਉਪ ਸਕੱਤਰ, ਪ੍ਰਸੋਨਲ

ਉਤਾਰਾ ਸਮੂਹ ਵਿਸ਼ੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਪ੍ਰਮੁੱਖ ਸਕੱਤਰ/ਵਿੱਤੀ ਕਮਿਸ਼ਨਰਾਂ,ਪ੍ਰਬੰਧਕੀ ਸਕੱਤਰਾਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਿਸ਼ਵਾਸਪਾਤਰ

ਉਪ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਵਿਸ਼ੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ,

ਪ੍ਰਮੁੱਖ ਸਕੱਤਰ/ਵਿੱਤੀ ਕਮਿਸ਼ਨਰ,ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

File No:PERS-PP-1015/6/2021-2PP1/445 ਮਿਤੀ, ਚੰਡੀਗੜ੍ਹ; 29/07/2022

File No: PERS-PP-1015/6/2021-2PP1/445 ਮਿਤੀ, ਚੰਡੀਗੜ੍ਹ; 29/07/2022

ਉਕਤ ਦਾ ਇੱਕ ਉਤਾਰਾ ਸ੍ਰੀ ਮੁਕੇਸ਼ ਰੈਲੀ, ਸੀਨੀਅਰ ਟੈਕਨੀਕਲ ਡਾਇਰੈਕਟਰ ਅਤੇ ਵਿਭਾਗੀ ਮੁੱਖੀ, ਡਿਵੀਜ਼ਨ-4, ਐਨ.ਆਈ.ਸੀ., ਪੰਜਾਬ ਨੂੰ ਅਗਲੇਰੀ ਕਾਰਵਾਈ (ਉਕਤ ਸਮੇਂ ਸਾਰਣੀ ਅਨੁਸਾਰ ਅਥਾਰਟੀਆ ਦੀ ਪੋਰਟਲ ਖੋਲਣ) ਲਈ ਭੇਜਿਆ ਜਾਂਦਾ ਹੈ।

ਵਿਸ਼ਵਾਸਪਾਤਰ

ਉਪ ਸਕੱਤਰ, ਪ੍ਰਸੋਨਲ

(13)

ਪੱਤਰ ਨੰ 12/21/2022-3PP2 /322

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀ-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖ,
ਡਵੀਜ਼ਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ,
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼ ਅਤੇ
ਸਮੂਹ ਸਬ-ਡਵੀਜ਼ਨਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ 29/08/22

ਵਿਸ਼ਾ - ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਲਈ ਜਾਣ ਵਾਲੀ ਐਕਸ-ਇੰਡੀਆ ਲੀਵ (ਵਿਦੇਸ਼ੀ ਛੁੱਟੀ) ਸਬੰਧੀ ਪਾਲਿਸੀ ਗਾਈਡਲਾਈਨਜ਼।

*******

ਸ੍ਰੀਮਾਨ ਜੀ,

ਮੈਨੂੰ ਆਪ ਦਾ ਧਿਆਨ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਪੱਤਰ ਨੰ 12/151/15-2ਪੀਪੀ2/782248/1, ਮਿਤੀ 24.06.2016, ਜਿਸ ਰਾਹੀਂ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਲਈ ਜਾਣ ਵਾਲੀ ਐਕਸ ਇੰਡੀਆ ਲੀਵ (ਵਿਦੇਸ਼ੀ ਛੁੱਟੀ) ਸਬੰਧੀ ਪਾਲਿਸੀ/ ਗਾਈਡਲਾਈਨਜ਼ ਜਾਰੀ ਕੀਤੀਆਂ ਗਈਆਂ ਹਨ, ਵੱਲ ਦਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਇਹਨਾਂ ਹਦਾਇਤਾਂ ਦੇ ਪੈਰ੍ਹਾ-2(ਸ) ਵਿੱਚ ਹੇਠ ਅਨੁਸਾਰ ਉਪਬੰਧ ਕੀਤਾ ਗਿਆ ਹੈ -

> "2. (ਸ) ਸਬੰਧਤ ਅਧਿਕਾਰੀ/ ਕਰਮਚਾਰੀ, ਜਿਸ ਨੇ ਛੁੱਟੀ ਅਪਲਾਈ ਕੀਤੀ ਹੈ, ਵੱਲੋਂ ਵਿਦੇਸ਼ ਜਾ ਕੇ ਹੋਰ ਛੁੱਟੀ ਦੀ ਮੰਗ ਨਹੀਂ ਕੀਤੀ ਜਾਵੇਗੀ। ਪਰੰਤੂ ਵਿਸ਼ੇਸ਼ ਹਾਲਾਤਾਂ ਨੂੰ ਛੱਡ ਕੇ ਜਿਵੇਂ ਕਿ ਕਰਮਚਾਰੀ ਦੇ ਆਪਣੇ ਇਲਾਜ ਜਾਂ ਉਸਦੇ ਖੂਨ ਦੇ ਰਿਸ਼ਤੇ ਦੇ ਮੈਂਬਰ ਦੇ ਇਲਾਜ ਲਈ ਜਾਂ ਕਿਸੇ ਨਾ ਟਾਲਣ ਯੋਗ ਸਥਿਤੀ ਦੇ ਪੁਖਤਾ ਸਬੂਤ ਪੇਸ਼ ਕਰਨ ਤੇ ਹੀ ਛੁੱਟੀ ਵਿੱਚ ਵਾਧੇ ਤੇ ਵਿਚਾਰ ਕੀਤਾ ਜਾ ਸਕੇਗਾ।"

02. ਉਪਰੋਕਤ ਦਰਸਾਏ ਉਪਬੰਧ ਦੇ ਸਨਮੁੱਖ ਪੰਜਾਬ ਰਾਜ ਦੇ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਲਈ ਜਾਣ ਵਾਲੀ ਐਕਸ-ਇੰਡੀਆ ਲੀਵ (ਵਿਦੇਸ਼ ਛੁੱਟੀ) ਸਬੰਧੀ ਜ਼ਰੂਰੀ ਦਸਤਾਵੇਜ਼ ਸ਼ਾਮਿਲ ਨਹੀਂ ਕੀਤੇ ਜਾਂਦੇ, ਜਿਸ ਕਰਕੇ ਅਜਿਹੇ ਮਾਮਲੇ ਨਜਿੱਠਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਕਾਰਵਾਈ ਕਰਨ ਵਿੱਚ ਦੇਰੀ ਹੁੰਦੀ ਹੈ। **ਇਸ ਲਈ ਸਰਕਾਰ ਵੱਲੋਂ ਮੁੜ ਤੋਂ ਗੌਰ ਨਾਲ ਵਿਚਾਰ ਕਰਨ ਉਪਰੰਤ ਇਹ ਫੈਸਲਾ ਲਿਆ ਹੈ ਕਿ ਸਬੰਧਤ ਅਧਿਕਾਰੀ/ ਕਰਮਚਾਰੀ, ਜਿਸ ਨੇ ਐਕਸ ਇੰਡੀਆ ਲੀਵ ਦੇ ਵਾਧੇ ਲਈ ਅਪਲਾਈ ਕੀਤੀ ਹੈ, ਵੱਲੋਂ ਪ੍ਰਤੀਬੇਨਤੀ ਅਤੇ ਨਾਲ ਨੱਥੀ ਪ੍ਰੋਫਾਰਮਾ (Application for extension of Ex India Leave) ਮੁਕੰਮਲ ਤੌਰ ਤੇ ਭਰਦੇ ਹੋਏ ਪੇਸ਼ ਕੀਤਾ ਜਾਵੇਗਾ।**

03. ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾਵੇ।

ਵਿਸ਼ਵਾਸਪਾਤਰ

ਉੱਪ ਸਕੱਤਰ, ਪ੍ਰਸੋਨਲ

ਇਸ ਦਾ ਇੱਕ ਉਤਾਰਾ ਵਧੀਕ ਮੁੱਖ ਸਕੱਤਰ/ ਮੁੱਖ ਮੰਤਰੀ, ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਵਧੀਕ ਮੁੱਖ ਸਕੱਤਰ/ ਮੁੱਖ ਮੰਤਰੀ, ਪੰਜਾਬ,
ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ
ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ
ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ. 12/21/2022-3PP2/323 ਮਿਤੀ, ਚੰਡੀਗੜ੍ਹ 29/08/22

## Application for extension of Ex India Leave

| | | |
|---|---|---|
| 1. | Name, designation and present posting | |
| 2. | Date of Birth | |
| 3. | Date of appointment on present post | |
| 4. | Name of country proposed for visit/ visited | |
| 5. | Purpose of visit | |
| 6. | Date of sanction of leave by department/ office | |
| 7. | Period of extended Ex-India leave sought | |
| 8. | Reason & attachment of proof for extension of Ex-India leave | |
| 9. | Passport no. & date of issuance of passport | |
| 10. | Type of VISA with attached copy of VISA and tickets | |
| 11. | Complete address of place where employee will be/ was staying abroad | |
| 12. | Present position of leave account along with attached copy of leave account log in service book | |
| 13. | Date of joining back in office after availing Ex-India leave | |

Signature of Applicant

Date:
Place:

Name:
Designation:

ਪੱਤਰ ਨੰ:-12/23/2022-3PP2 /324

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀ-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖ,
ਡਵੀਜ਼ਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ,
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼ ਅਤੇ
ਸਮੂਹ ਸਬ-ਡਵੀਜ਼ਨਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ 30/08/22

ਵਿਸ਼ਾ - ਪੰਜਾਬ ਸਰਕਾਰ ਦੇ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਵਿਦੇਸ਼ ਵਿੱਚ ਪੱਕੇ ਹੋਣ ਅਤੇ ਬਿਨ੍ਹਾਂ ਛੁੱਟੀ ਲਏ ਵਿਦੇਸ਼ ਜਾਕੇ ਰਹਿਣ ਸਬੰਧੀ।

*******

ਕਿਰਪਾ ਕਰਕੇ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨ ਜੀ।

02. ਪੰਜਾਬ ਸਰਕਾਰ ਦੇ ਧਿਆਨ ਵਿੱਚ ਇਹ ਆਇਆ ਹੈ ਕਿ ਕਈ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਪੀ.ਆਰ. ਵੀਜ਼ਾ ਪ੍ਰਾਪਤ ਕਰਕੇ ਐਕਸ ਇੰਡੀਆ ਲੀਵ ਲਈ ਜਾ ਰਹੀ ਹੈ ਜਾਂ ਬਿਨ੍ਹਾਂ ਛੁੱਟੀ ਲਏ ਵਿਦੇਸ਼ ਵਿਖੇ ਜਾਕੇ ਰਹਿ ਰਹੇ ਹਨ। ਇਸ ਸਬੰਧੀ ਪੰਜਾਬੀ ਟ੍ਰਿਬਿਊਨ ਦੇ ਅਖਬਾਰ ਵਿੱਚ ਛਪੀ ਖਬਰ ਦੇ ਸਨਮੁੱਖ ਸੈਂਕੜੇ ਸਰਕਾਰੀ ਅਧਿਕਾਰੀਆਂ/ ਕਰਮਚਾਰੀਆਂ ਦੇ ਨਾਂ ਸਾਹਮਣੇ ਆਉਣ ਲੱਗੇ ਹਨ, ਜਿਹਨਾਂ ਵਿੱਚੋਂ ਕਈਆਂ ਵਿਦੇਸ਼ੀ ਠਹਿਰ (ਪੀ.ਆਰ.) ਦੇ ਪ੍ਰਬੰਧ ਕਰ ਰਹੇ ਹਨ/ ਕੀਤੇ ਜਾ ਚੁੱਕੇ ਹਨ। ਇਹਨਾਂ ਵਿੱਚੋਂ ਕਈ ਬਿਨਾਂ ਛੁੱਟੀ ਲਏ ਵਿਦੇਸ਼ ਜਾ ਰਹੇ ਹਨ ਅਤੇ ਵਿਦੇਸ਼ ਵਿਖੇ ਜਾਕੇ ਕੰਮ ਕਰਕੇ ਉੱਥੋਂ ਦੇ ਸਿਸਟਮ ਮੁਤਾਬਕ ਟੈਕਸ ਰਿਟਰਨਾਂ ਵੀ ਭਰ ਰਹੇ ਹਨ।

03. ਇਸ ਲਈ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਵਿਭਾਗ ਅਤੇ ਆਪ ਦੇ ਅਧੀਨ ਆਉਂਦੇ ਅਦਾਰਿਆਂ ਦੇ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਵਿਦੇਸ਼ ਵਿੱਚ ਪੀ.ਆਰ. ਪ੍ਰਾਪਤ ਕਰਨ ਅਤੇ ਬਿਨ੍ਹਾਂ ਛੁੱਟੀ ਪ੍ਰਵਾਨ ਕਰਵਾਏ ਵਿਦੇਸ਼ ਜਾਕੇ ਰਹਿਣ ਬਾਰੇ ਤੁਰੰਤ ਕਾਰਵਾਈ ਕੀਤੀ ਜਾਵੇ ਅਤੇ ਇਹਨਾਂ ਅਧਿਕਾਰੀਆਂ/ ਕਰਮਚਾਰੀਆਂ ਦੇ ਖਿਲਾਫ ਕੀਤੀ ਗਈ ਕਾਰਵਾਈ ਦੀ ਰਿਪੋਰਟ ਹਰ ਹਾਲਤ ਵਿੱਚ ਇਸ ਸ਼ਾਖਾ ਨੂੰ ਈਮੇਲ ਆਈ ਡੀ -- pp2branch@gmail.com ਜਾਂ manual ਤੌਰ ਤੇ 1 ਹਫਤੇ ਦੇ ਅੰਦਰ-ਅੰਦਰ ਤੁਰੰਤ ਭੇਜੀ ਜਾਵੇ।

ਵਿਸ਼ਵਾਸਪਾਤਰ

30.8.22

ਅਧੀਨ ਸਕੱਤਰ, ਪ੍ਰਸੋਨਲ

(17)

ਇਸ ਦਾ ਇੱਕ ਉਤਾਰਾ ਵਧੀਕ ਮੁੱਖ ਸਕੱਤਰ/ ਮੁੱਖ ਮੰਤਰੀ, ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਦਲਜਿੰਦਰ ਕੌਰ 30.8.22
ਅਧੀਨ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਵਧੀਕ ਮੁੱਖ ਸਕੱਤਰ/ ਮੁੱਖ ਮੰਤਰੀ, ਪੰਜਾਬ,
ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ
ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ
ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ. 12/23/2022-3PP2 /325 ਮਿਤੀ, ਚੰਡੀਗੜ੍ਹ 30/08/22

(18)

(1)

24 AUG 2022

ਪੰਜਾਬੀ ਟ੍ਰਿਬਿਊਨ

# ਪੰਜਾਬ ਸਰਕਾਰ ਦੀ ਮੁਲਾਜ਼ਮਤ ਦੌਰਾਨ ਸੈਂਕੜੇ ਵਿਅਕਤੀ ਕੈਨੇਡਾ 'ਚ ਪੱਕੇ ਹੋਏ

## ਕਈ ਬਿਨਾਂ ਛੁੱਟੀ ਲਏ ਕੈਨੇਡਾ ਆ ਕੇ ਕਰ ਰਹੇ ਹਨ ਦੋਹਰੀ ਕਮਾਈ

ਗੁਰਮਲਕੀਅਤ ਸਿੰਘ ਕਾਹਲੋਂ

ਵੈਨਕੂਵਰ, 23 ਅਗਸਤ

ਪੰਜਾਬ ਸਰਕਾਰ ਵੱਲੋਂ ਸਰਕਾਰੀ ਨੌਕਰੀ ਦੌਰਾਨ ਵਿਦੇਸ਼ਾਂ 'ਚ ਨਾਗਰ ਬਣਾਉਣ (ਪੀ.ਆਰ ਲੈਣ) ਵਾਲੇ ਮੁਲਾਜ਼ਮਾਂ ਤੇ ਅਫਸਰਾਂ ਦੀ ਸ਼ੁਰੂ ਕੀਤੀ ਜਾਂਚ ਨੇ ਇੱਥੇ ਰਹਿੰਦੇ ਲੋਕਾਂ ਨੂੰ ਫਿਕਰਾਂ 'ਚ ਪਾ ਦਿੱਤਾ ਹੈ। ਇਸ ਬਾਰੇ ਚਰਚਾ ਛਿੜਦਿਆਂ ਹੀ ਸੈਂਕੜੇ ਲੋਕਾਂ ਦੇ ਨਾਂ ਸਾਹਮਣੇ ਆਉਣ ਲੱਗੇ ਹਨ, ਜਿਨ੍ਹਾਂ 'ਚੋਂ ਕਈਆਂ ਨੇ ਸੇਵਾਮੁਕਤੀ ਵਿੱਚ 10-12 ਸਾਲ ਰਹਿੰਦਿਆਂ ਹੀ ਵਿਦੇਸ਼ੀ ਨਾਗਰ ਦੇ ਪ੍ਰਬੰਧ ਕਰ ਲਏ ਸਨ। ਇਨ੍ਹਾਂ 'ਚੋਂ ਕਈ ਤਾਂ ਬਿਨਾਂ ਛੁੱਟੀ ਲਏ ਵਿਦੇਸ਼ ਗੇੜਾ ਮਾਰਦੇ ਰਹੇ ਹਨ। ਇੱਥੇ ਉਹ ਕੰਮ ਵੀ ਕਰਦੇ ਰਹੇ ਤੇ ਇੱਥੋਂ ਦੇ ਨਿਯਮ ਮੁਤਾਬਕ ਟੈਕਸ ਰਿਟਰਨਾਂ ਵੀ ਭਰਦੇ ਰਹੇ। ਅਜਿਹਾ ਕਰਨ ਵਾਲਿਆਂ 'ਚ ਪੁਲੀਸ, ਮਾਲ ਵਿਭਾਗ ਅਤੇ ਪਾਵਰਕੌਮ ਦੇ ਵੱਡੀ ਗਿਣਤੀ ਮੁਲਾਜ਼ਮ ਸ਼ਾਮਲ ਹਨ। ਆਮ ਤੌਰ 'ਤੇ ਸਰਕਾਰੀ ਅਫਸਰ



ਬੱਚਿਆਂ ਨੂੰ ਵਿਦੇਸ਼ ਭੇਜਦੇ ਹਨ ਅਤੇ ਮਗਰੋਂ ਬੱਚੇ ਪੀ.ਆਰ ਹੋ ਕੇ ਮਾਪਿਆਂ ਨੂੰ ਪੱਕੇ ਕਰਵਾ ਲੈਂਦੇ ਹਨ। ਪੁਲੀਸ 'ਚੋਂ ਸੇਵਾਮੁਕਤ ਹੋ ਕੇ ਆਏ ਇੱਕ ਵਿਅਕਤੀ ਨੇ ਦੱਸਿਆ ਕਿ ਸਿਰਫ ਸਰੀ ਸ਼ਹਿਰ ਵਿੱਚ ਹੀ ਸਾਬਕਾ ਤੇ ਮੌਜੂਦਾ ਜ਼ਿਲ੍ਹਾ ਪੁਲੀਸ ਮੁਖੀਆਂ ਦੇ ਬੱਚੇ ਰਹਿੰਦੇ ਹਨ। ਇਨ੍ਹਾਂ 'ਚੋਂ ਨੌਂ ਪੀਪੀਐੱਸ ਅਫਸਰ ਹਨ। ਜ਼ਿਕਰਯੋਗ ਹੈ ਕਿ ਪੀ.ਆਰ ਕਾਇਮ ਰੱਖਣ ਲਈ ਪੰਜ ਸਾਲਾਂ 'ਚ ਦੋ ਸਾਲ ਕੈਨੇਡਾ ਰਿਹਾਇਸ਼ ਜ਼ਰੂਰੀ ਹੈ। ਜਾਣਕਾਰੀ ਅਨੁਸਾਰ ਕਈ ਅਧਿਆਪਕ ਬਿਨਾਂ ਛੁੱਟੀ ਲਏ ਛੇ-ਛੇ ਮਹੀਨੇ ਕੈਨੇਡਾ ਕੱਟ ਜਾਂਦੇ ਹਨ। ਇਮੀਗ੍ਰੇਸ਼ਨ ਨਾਲ ਸਬੰਧਤ ਕਾਰੋਬਾਰ ਕਰਦੇ ਇੱਕ ਵਿਅਕਤੀ ਨੇ ਦੱਸਿਆ ਕਿ ਕੈਨੇਡਾ ਇਮੀਗ੍ਰੇਸ਼ਨ ਵਿਭਾਗ ਦੀ ਮੰਗ 'ਤੇ ਫੈਮਿਲੀ ਰੀਯੂਨੀਫਿਕੇਸ਼ਨ ਵਾਲਿਆਂ ਦੇ ਡੇਟਾ 'ਚ ਹੈਰਾਨੀਜਨਕ ਤੱਥ ਸਾਹਮਣੇ ਆ ਸਕਦੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸੈਂਕੜੇ ਅਫਸਰਾਂ ਨੇ ਕਿਊਬਕ ਵਿੱਚ ਨਿਵੇਸ਼ ਯੋਜਨਾ ਰਾਹੀਂ ਕੈਨੇਡਾ ਦੀ ਪੀ.ਆਰ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਪੜਤਾਲ ਦੌਰਾਨ ਸੈਂਕੜੇ ਮੁਲਾਜ਼ਮ ਅਜਿਹੇ ਲੱਭ ਜਾਣਗੇ, ਜਿਨ੍ਹਾਂ ਦਾ ਪੈਨਸ਼ਨ ਦਾ ਹੱਕ ਖੁੱਸ ਸਕਦਾ ਹੈ ਤੇ ਸਰਕਾਰੀ ਖ਼ਜ਼ਾਨੇ ਦਾ ਭਾਰ ਕਾਫੀ ਹਲਕਾ ਹੋ ਸਕਦਾ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਕਈ ਲੋਕਾਂ 'ਤੇ ਅਪਰਾਧਿਕ ਮਾਮਲੇ ਚੱਲਦੇ ਹੋਣ ਦੇ ਬਾਵਜੂਦ ਉਹ ਜਾਅਲੀ ਪੁਲੀਸ ਕਲੀਅਰੈਂਸ ਸਰਟੀਫਿਕੇਟ (ਪੀਸੀਸੀ) ਨਾਲ ਕੈਨੇਡਾ ਦੇ ਪੀਆਰ ਹੋ ਗਏ ਹਨ।

May call for a report from all departments.

24/8

S.P.

DSP

24/8/22

30.06.22

(19)

PERS- PP-1015/6/2021-2PP1/ 493

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਮਿਤੀ, ਚੰਡੀਗੜ੍ਹ: 30-08-2c

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,

ਡਵੀਜਨਾਂ ਦੇ ਕਮਿਸ਼ਨਰਜ,

ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,

ਸਮੂਹ ਡਿਪਟੀ ਕਮਿਸ਼ਨਰ ਅਤੇ ਉਪ ਡਵੀਜ਼ਨਲ ਮੈਜਿਸਟ੍ਰੇਟ,ਪੰਜਾਬ।

ਵਿਸ਼ਾ:- ਗਰੁੱਪ ਏ, ਬੀ, ਸੀ ਅਤੇ ਡੀ ਦੇ ਅਧਿਕਾਰੀਆ/ਕਰਮਚਾਰੀਆ ਦੀ ਸਾਲ 2021-22 ਦੀਆ APARs ਲਿਖਣ ਸਬੰਧੀ।

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ. PERS- PP-1015 /6/2021-2PP1 /391 ਮਿਤੀ 30.06.2022 ਅਤੇ PERS- PP-1015/6/2021-2PP1/445 ਮਿਤੀ 29.07.2022 ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਆਪ ਅਧੀਨ ਸੇਵਾ ਨਿਭਾ ਰਹੇ ਅਧਿਕਾਰੀਆ/ਕਰਮਚਾਰੀਆਂ ਦੀਆਂ ਬਤੌਰ ਰੀਵਿਊਕਰਤਾ ਅਧਿਕਾਰੀ ਸਾਲ 2021-22 ਦੀਆ ਸਲਾਨਾ ਕਾਰਗੁਜਾਰੀ ਰਿਪੋਰਟਾਂ ਲਿਖਣ ਲਈ ਅੰਤਿਮ ਮਿਤੀ 31.08.2022 ਨਿਰਧਾਰਿਤ ਹੈ। ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਤੌਰ ਰੀਵਿਊਕਰਤਾ ਅਧਿਕਾਰੀ ਸਲਾਨਾ ਕਾਰਗੁਜਾਰੀ ਰਿਪੋਰਟਾਂ ਸਮੇ ਸਾਰਨੀ ਅਨੁਸਾਰ ਨਿਰਧਾਰਿਤ ਮਿਤੀ 31.08.2022 ਤੋ ਪਹਿਲਾ ਸਬਮਿਟ ਕਰਨਾ ਯਕੀਨੀ ਬਣਾਉਣ।

2 ਇਸ ਸਬੰਧ ਵਿੱਚ ਸਬੰਧਤ ਅਧਿਕਾਰੀ/ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੀ ਸਬੰਧਤ ਰੀਵਿਊਕਰਤਾ ਅਧਿਕਾਰੀ ਨਾਲ ਰਾਬਤਾ ਕਾਇਮ ਕਰਦੇ ਹੋਏ ਨਿਰਧਾਰਿਤ ਸਮੇਂ ਸੀਮਾ ਤੱਕ ਆਪਣੀਆਂ ਸਲਾਨਾ ਅਪ੍ਰੈਜਲ ਰਿਪੋਰਟ ਲਿਖਵਾਉਣੀ ਯਕੀਨੀ ਬਣਾਈ ਜਾਵੇ।

(20)

3 ਇਹਨਾਂ ਹਦਾਇਤਾ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਵਿਸ਼ਵਾਸਪਾਤਰ

ਜਸਪ੍ਰੀਤ ਕੌਰ 30.8.22
ਅਧੀਨ ਸਕੱਤਰ

ਉਤਾਰਾ ਸਮੂਹ ਵਿਸ਼ੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਪ੍ਰਮੁੱਖ ਸਕੱਤਰ/ਵਿੱਤੀ ਕਮਿਸ਼ਨਰਜ,ਪ੍ਰਬੰਧਕੀ ਸਕੱਤਰਾਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਿਸ਼ਵਾਸਪਾਤਰ

ਜਸਪ੍ਰੀਤ ਕੌਰ 30.8.22
ਅਧੀਨ ਸਕੱਤਰ

ਸੇਵਾ ਵਿਖੇ

ਵਿਸ਼ੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ,

ਪ੍ਰਮੁੱਖ ਸਕੱਤਰ/ਵਿੱਤੀ ਕਮਿਸ਼ਨਰਜ,ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

File No:PERS-PP-1015/6/2021-2PP1/494 ਮਿਤੀ,ਚੰਡੀਗੜ੍ਹ; 30-08-2022

(21)

File No:PERS-PP-1015/6/2021-2PP1/498

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-1ਸ਼ਾਖਾ)

ਮਿਤੀ, ਚੰਡੀਗੜ੍ਹ: 31-08-2022

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰਜ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਡਿਪਟੀ ਕਮਿਸ਼ਨਰ ਅਤੇ ਉਪ ਡਵੀਜ਼ਨਲ ਮੈਜਿਸਟ੍ਰੇਟ,ਪੰਜਾਬ।

ਵਿਸ਼ਾ:- ਗਰੁੱਪ ਏ, ਬੀ, ਸੀ ਅਤੇ ਡੀ ਦੇ ਅਧਿਕਾਰੀਆ/ਕਰਮਚਾਰੀਆ ਦੀ APARs ਲਿਖਣ ਦੀ ਸਮੇ ਸਾਰਣੀ ਵਿੱਚ ਵਾਧਾ ਕਰਨ ਸਬੰਧੀ ਹਦਾਇਤਾ ਕਰਨ ਬਾਰੇ।

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ. PERS-PP-1015/6/2021-2PP1/391, ਮਿਤੀ 30.06.2022 ਅਤੇ PERS-PP-1015/6/2021-2PP1/445, ਮਿਤੀ 29.07.2022 ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਇਨ੍ਹਾਂ ਹਦਾਇਤਾ ਰਾਹੀ ਸਾਰੇ ਪੱਧਰਾ ਤੇ ਏ.ਪੀ.ਏ.ਆਰ. ਲਿਖਣ ਨਿਰਧਾਰਤ time schedule ਅਨੁਸਾਰ ਰੀਵਿਊਕਰਤਾ ਅਧਿਕਾਰੀ ਵੱਲੋ ਟਿਪਣੀ ਦਰਜ ਕਰਨ ਦੀ ਆਖਿਰੀ ਮਿਤੀ 31 ਅਗਸਤ 2022 ਨਿਸ਼ਚਿਤ ਕੀਤੀ ਗਈ ਸੀ। ਆਈ.ਐਚ.ਆਰ.ਐਮ.ਐਸ. ਦੇ ਆਨਲਾਈਨ ਰਿਕਾਰਡ ਅਨੁਸਾਰ ਰੀਵਿਊਕਰਤਾ ਅਧਿਕਾਰੀ ਦੇ ਪੱਧਰ ਤੇ ਕਾਫੀ ਜਿਆਦਾ ਏ.ਪੀ.ਏ.ਆਰ ਪੈਡਿੰਗ ਹਨ। ਜਿਸ ਦਾ ਕਾਰਨ ਵਿਭਾਗਾ ਵੱਲੋ ਪੋਰਟਲ ਤੇ ਲੋਡ ਜਿਆਦਾ ਹੋਣ ਕਾਰਨ ਏ.ਪੀ.ਏ.ਆਰਜ ਲਿਖਣ ਵਿੱਚ ਆ ਰਹੀਆਂ ਤਕਨੀਕੀ ਦਿਕਤਾ ਦੱਸਿਆ ਜਾ ਰਿਹਾ ਹੈ।

2. ਉਪਰੋਕਤ ਸਥਿਤੀ ਨੂੰ ਵਿਚਾਰਦੇ ਹੋਏ ਏ.ਪੀ.ਏ.ਆਰਜ ਲਿਖਣ ਦੇ ਸਮੇਂ ਵਿੱਚ ਹੇਠ ਅਨੁਸਾਰ ਵਾਧਾ ਕੀਤਾ ਜਾਦਾ ਹੈ:-

| ਲੜੀ ਨੰ. | ਏ.ਪੀ.ਏ.ਆਰ ਲਿਖਣ ਦਾ ਪੱਧਰ | ਏ.ਪੀ.ਏ.ਆਰ ਲਿਖਣ ਦੀ ਮੌਜੂਦਾ ਸਾਰਣੀ (ਸਾਲ 2021-2022) | ਸੋਧੀ ਹੋਈ ਮਿਤੀ (ਸਾਲ 2021-2022) |
|---|---|---|---|
| 1 | ਰੀਵਿਊਕਰਤਾ ਅਧਿਕਾਰੀ ਵੱਲੋਂ ਟਿਪਣੀ ਦਰਜ ਕਰਨ ਦੀ ਮਿਤੀ | 31 ਅਗਸਤ ਤੱਕ | 15 ਸਤੰਬਰ ਤੱਕ |

| | | | |
|---|---|---|---|
| 2 | ਪ੍ਰਵਾਨਕਰਤਾ ਅਧਿਕਾਰੀ ਵੱਲੋਂ ਰਿਪੋਰਟ ਪ੍ਰਵਾਨ ਕਰਨ ਦੀ ਮਿਤੀ | 30 ਸਤੰਬਰ ਤੱਕ | 15 ਅਕਤੂਬਰ ਤੱਕ |

3. ਇਹਨਾ ਹਦਾਇਤਾ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਵਿਸ਼ਵਾਸਪਾਤਰ

ਜਸਪ੍ਰੀਤ ਕੌਰ
ਅਧੀਨ ਸਕੱਤਰ 31-8-22

ਉਤਾਰਾ ਸਮੂਹ ਵਿਸ਼ੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਪ੍ਰਮੁੱਖ ਸਕੱਤਰ/ਵਿੱਤੀ ਕਮਿਸ਼ਨਰਾਂ,ਪ੍ਰਬੰਧਕੀ ਸਕੱਤਰਾਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਿਸ਼ਵਾਸਪਾਤਰ

ਜਸਪ੍ਰੀਤ ਕੌਰ
ਅਧੀਨ ਸਕੱਤਰ 31-8-22

ਸੇਵਾ ਵਿਖੇ

ਵਿਸ਼ੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ,

ਪ੍ਰਮੁੱਖ ਸਕੱਤਰ/ਵਿੱਤੀ ਕਮਿਸ਼ਨਰ,ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

File No:PERS-PP-1015/6/2021-2PP1/499 ਮਿਤੀ, ਚੰਡੀਗੜ੍ਹ; 31-08-2022

File No: PERS-PP-1015/6/2021-2PP1 /500 ਮਿਤੀ, ਚੰਡੀਗੜ੍ਹ; 31-08-2022

ਉਕਤ ਦਾ ਇੱਕ ਉਤਾਰਾ ਸ੍ਰੀ ਮੁਕੇਸ਼ ਰੈਲੀ, ਸੀਨੀਅਰ ਟੈਕਨੀਕਲ ਡਾਇਰੈਕਟਰ ਅਤੇ ਵਿਭਾਗੀ ਮੁੱਖੀ. ਡਿਵੀਜ਼ਨ-4, ਐਨ.ਆਈ.ਸੀ., ਪੰਜਾਬ ਨੂੰ ਅਗਲੇਰੀ ਕਾਰਵਾਈ (ਉਕਤ ਸਮੇਂ ਸਾਰਣੀ ਅਨੁਸਾਰ ਅਥਾਰਟੀਆ ਦੀ ਪੋਰਟਲ ਖੋਲਣ) ਲਈ ਭੇਜਿਆ ਜਾਂਦਾ ਹੈ।

ਵਿਸ਼ਵਾਸਪਾਤਰ

ਜਸਪ੍ਰੀਤ ਕੌਰ
ਅਧੀਨ ਸਕੱਤਰ 31.8.22

23

No. 03/02/2020-2PP2/333

GOVERNMENT OF PUNJAB

DEPARTMENT OF PERSONNEL

(PERSONNEL POLICY-2 BRANCH)

Dated, Chandigarh: 06/09/2022

To

All the Heads of Departments,

Registrar, Punjab and Haryana High Court,

All Commissioners of Divisions,

All Deputy Commissioners, and

All Sub divisional Magistrates in the State of Punjab.

Subject: Action to be taken against Government employees convicted on a criminal charge and eligibility of under trial/convicted persons for appointment in the Government.

*****

1. This is in reference to the latest instructions of Department of Personnel, Government of Punjab No. 3/14/2018-2PP2/336 dated 09.07.2020 and No. 03/02/2020-2PP2/97 dated 22.07.2021 directing the Departments to take action against the employees convicted on a criminal charge under the service rules. Department of Personnel has, from time to time issued instructions reiterating the action to be taken against Government employees who are convicted on a criminal charge. Action against convicted employees is taken at various levels eg. District level, Directorate level, Government level etc, and therefore, in order to ensure the strict compliance of Government instructions issued from time to time, there is a need to have uniformity of decision. There is also a need to clarify the nature of offence, conviction in respect of which will require action against the employee. Accordingly, detailed instructions are hereby issued on this subject.

2. It has been clarified in the circular dated 09.07.2020 that an appeal against an order or even a stay of the sentence will have no effect unless the conviction



CS CamScanner

itself is stayed. It has further been emphasized that in cases of serious charges of misconduct, particularly involving moral turpitude, the Department should immediately act upon the judgment of Court and take action against the Government servant under the relevant Punishment and Appeal Rules. It has further been clarified that there is no bar on taking simultaneous criminal action and initiation of departmental proceedings against the Government employee.

Earlier Department of Personnel, Government of Punjab vide its letter No. 3/23/1998-1PP2/10394 dated 05.08.1998 circulated an order in compliance with decision of Hon'ble Supreme Court in Civil Appeal No. 2992/1995 titled as The Deputy Director of Collegiate Education vs. S. Nagoor Meera 1995 AIR 1364 wherein it was held that employees convicted of a serious charge are not to be retained in service. It was further held that mere suspension of sentence will be of no use to the employees, unless the conviction itself was stayed or set aside. It would be relevant to examine the conduct of the Government servant which has led to his conviction on a criminal charge. If the employee is held guilty and convicted of a serious charge, then such an employee should not be retained in service.

3. The instructions and service rules contemplate that employees convicted of serious offences particularly offences involving moral turpitude are not to be retained in service and such employees are either to be dismissed or removed from service. The term 'moral turpitude' has not been defined in the rules or anywhere else and it may convey different meaning in different contexts, but it has generally been taken to mean a conduct contrary to justice, honesty, modesty or good morals. As a general rule, a crime will be considered as involving moral turpitude if it involves an act of baseness, vileness, or depravity when judged in the light of the social duties which a man owes to his fellow man or to society in general. If the actual commission of an offense involves moral turpitude, then an attempt to commit the offence, or a conspiracy to commit the offense, will likewise involve moral turpitude.

Moral turpitude is an expression which is used in legal as also societal parlance to describe conduct which is inherently base, vile, depraved or having any connection showing depravity.



CamScanner

This expression has been more elaborately explained in Baleshwar Singh vs. District Magistrate and Collector Banaras, AIR 1959 All. 71 where it was observed as follows:

"The expression "moral turpitude' is not defined anywhere. But it means anything done contrary to justice, honesty, modesty or good morals. It implies depravity and wickedness of character or disposition of the person charged with the particular conduct. Every false statement made by a person may not be moral turpitude, but it would be so if it discloses vileness or depravity in the doing of any private and social duty which a person owes to his fellowmen or to the society in general. If therefore the individual charged with a certain conduct owes a duty, either to another individual or to the society in general, to act in a specific manner or not to so act and he still acts contrary to it and does so knowingly, his conduct must beheld to be due to vileness and depravity. It will be contrary to accept customary rule and duty between man and man"

4. Action against serving State Government employees is to be taken under Punjab Civil Services (Punishment and Appeal) Rules, 1970 or Punjab Police Rules, 1934 or other relevant Rules, while action against All India Services officers will be taken under All India Service (Discipline and Appeal) Rules 1969. As regards retired employees, the Punjab Civil Services Rules (Vol. II, Chapter II) and All India Service (Death-cum-Retirement Benefits) Rules, 1958 will be relevant. The appointing authorities may go through the instructions and rules carefully and taken action as under:-

(a) Persons convicted of offences involving moral turpitude will not be eligible for appointment under the Government.

(b) The employees convicted of offences involving moral turpitude are not to be retained in service. They are to be either dismissed or removed from service depending upon the conduct of the employees which led to the conviction on a criminal charge.

(c) Action against retired employees shall be taken under the Punjab Civil Services (Volume-II, Chapter-II), All India Service (Death-cum-Retirement Benefits) rules, 1958 or any other relevant Rules.



CamScanner

(26)

(d) The employees who are convicted on a criminal charge involving moral turpitude would ordinarily be awarded the penalty of dismissal and forfeiture of full pension, as the case may be, unless the punishing authority for reasons to be recorded, is of the opinion that there are some extraordinary extenuating circumstances which justify the lesser penalty of removal or the withholding of part of the pension.

5. Where an FIR is registered against a Government officer/official for an offence involving moral turpitude, the Government officer/official will be immediately transferred to a post that involves no Public dealing. In other cases, where the offence does not involve moral turpitude, the Government officer/official will not be posted/continued in the district where FIR is registered.

If a Government officer/official is convicted by the competent court but he is allowed to continue in service after imposition of punishment other than dismissal or the charges have been framed against him in a court of law for an offence involving moral turpitude, action will be immediately taken to ensure that such Government officer/official:-

(i) does not continue to hold or is posted to any post which may involve public dealing;

(ii) is not entrusted or assigned any investigation or disciplinary enquiry of any case, either as investigating officer or in any supervisory capacity;

(iii) is not posted in the Vigilance Bureau or as Chief Vigilance Officer (CVO) in an Administrative Department.

(iv) is not posted in the district where the criminal case involving such Government officer/official is under investigation or trial.

Swaranjit Kaur

Under Secretary Personnel,

Government of Punjab,

Department of Personnel



CS CamScanner